


**Sheeraza** R.N. No. 28873/76 March-April, 2020
(Punjabi)

| | | |
|---|---|---|
| ਸਾਲ : 51 | ਅੰਕ : 3 | ਕੁਲ ਅੰਕ : 219 |

*Editor-in-chief*
**Munir-ul-Islam**
*Editor*
**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਮੋਬਾਇਲ : 9906977731

| | | |
|---|---|---|
| ਪ੍ਰਕਾਸ਼ਕ | : | ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ— 180 001 |
| *Publisher* | : | Secretary, J&K Academy of Art, Culture and Languages JAMMU- 180 001 |
| ਛਾਪਕ | : | ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਗੁੜੀ ਬ੍ਰਾਹਮਣਾ, ਜੰਮੂ ਦੂਰਭਾਸ਼ — (01923)-220243, 94191-49293 |
| ਮੁੱਲ | : | ਦਸ ਰੁਪਏ |
| ਵਾਰਸ਼ਕ | : | 50 ਰੁਪਏ |

## ਤਤਕਰਾ


☐ ਆਲੇਖ
- ਅਨੇਕਤਾ ਵਿੱਚ ਏਕਤਾ/ਹਰਮਹਿੰਦਰ ਸਿੰਘ ਹਰਜੀ/1
- ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ ਦੇ ਆਧੁਨਿਕ ਪਰਿਪੇਖ/ਡਾ. ਹਰਭਜਨ ਸਿੰਘ/6
- ਸਿਧ ਗੋਸਟਿ ਦਾ ਸ਼ਿਲਪ ਵਿਧਾਨ/ਡਾ. ਹਰਿੰਦਰਜੀਤ ਸਿੰਘ ਕਲੇਰ/13
- ਬਾਲ ਸਾਹਿਤ ਦਾ ਮਨੋਵਿਗਿਆਨਕ ਪੱਖ/ਡਾ. ਰਜਵਿੰਦਰ ਕੌਰ/19
- ਸ਼ਿਵ ਕੁਮਾਰ ਬਟਾਲਵੀ : ਕਾਵਿ ਮੁਲਾਂਕਣ/ਪ੍ਰੋ. ਕਮਲਦੀਪ ਕੌਰ/29
- ਭੁਪਿੰਦਰ ਸਿੰਘ ਰੈਣਾ ਦਾ ਨਾਵਲ : ਇਕ ਹੋਰ ਸੂਰਜ (ਇੱਕ ਅਧਿਐਨ)/ਡਾ. ਸਤਿੰਦਰ/35
- ਪੰਜਾਬੀ ਸਾਹਿਤ ਦਾ ਬਾਬਾ ਬੋਹੜ : ਸੰਤ ਸਿੰਘ ਸੇਖੋਂ/ਡਾ. ਤਰਨਜੀਤ ਕੌਰ/38
- ਗੁਰਬਚਨ ਸਿੰਘ ਭੁੱਲਰ ਦੀ ਕਹਾਣੀ-ਸਿਰਜਣਾ : ਸਮਾਜ-ਦਰਿਆਵਾਰ ਸਰੋਕਾਰ/ਰਜਿੰਦਰ ਸਿੰਘ/45
- ਧਰਮ ਦਾ ਆਰੰਭ ਅਤੇ ਪਿਛੋਕੜ : ਇੱਕ ਅਧਿਐਨ/ਡਾ. ਪਰਮਜੀਤ ਕੌਰ/53
- ਅਜੀਤ ਸਿੰਘ ਮਸਤਾਨਾ ਦਾ ਕਾਵਿ ਸੰਗ੍ਰਹਿ (ਮੁੜ ਟੰਗੀ ਅਲਵਿਦਾ ਦਾ ਆਲੋਚਨਾਤਮਕ ਵਿਸ਼ਲੇਸ਼ਣ)/ਗੁਰਪ੍ਰੀਤ ਕੌਰ/61

☐ ਕਹਾਣੀਆਂ
- ਆਪੋ ਆਪਣਾ ਸੱਚ/ਬਿੰਦੂਪਾਲ/70
- ਮਦਾਰੀ/ਕੁਲਵਿੰਦਰ ਸਿੰਘ ਚਿਤਰਾਏ/78
- ਜਰਨੈਲ/ਜੱਗਾ ਐਸ. ਚਰਮਨ/84
- ਡਰ/ਤੇਜਿੰਦਰ ਰੰਗੋਰੇਟ/96

☐ ਨਾਟਕ
- ਪਿੱਠ-ਭੂਮੀ/ਬਲਜੀਤ ਸਿੰਘ ਰੈਨਾ/97

☐ ਕਾਵਿ-ਰੂਪ
- ਗ਼ਜ਼ਲ/ਅਜੀਤ ਸਿੰਘ ਮਸਤਾਨਾ/130
- ਦਰਦ ਤੇ ਆਨੰਦ, ਜਾਦੂਗਰਨੀ/ਰੀਬਾ ਕਲਵੰਤ/131
- ਗ਼ਜ਼ਲਾਂ/ਰਾਜਿੰਦਰ ਪਰਦੇਸੀ/133
- ਗ਼ਜ਼ਲਾਂ/ਜਸਪ੍ਰੀਤ ਕੌਰ ਫਲਕ/136
- ਰੁਬਾਈਆਂ/ਰਾਜੀ ਸਿਖਸਪੁਰੀਆ/138

☐ ਨਵੀਂ ਕਲਮ
- ਪਾਲੀ ਭੁਪਿੰਦਰ ਦੇ ਨਾਟਕਾਂ ਵਿੱਚ ਨਾਰੀਵਾਦੀ ਸਰੋਕਾਰ/ਗੁਰਤੇਜ ਸਿੰਘ/ਡਾ. ਸੁਖਵਿੰਦਰ ਕੌਰ (ਗਾਈਡ)/140


# ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ ਦੇ ਆਧੁਨਿਕ ਪਰਿਪੇਖ

☐ ਡਾ. ਹਰਭਜਨ ਸਿੰਘ

ਕਹਾਣੀ ਪੰਜਾਬੀ ਸਾਹਿਤ ਦਾ ਹਰਮਨ ਪਿਆਰਾ ਰੂਪਾਕਾਰ ਹੈ। ਸਾਹਿਤ ਦਾ ਇਹ ਰੂਪ ਨਾ ਸਿਰਫ਼ ਰਿਆਸਤੀ ਪੰਜਾਬੀ ਮਾਨਸਿਕਤਾ ਦਾ ਪ੍ਰਤਿਬਿੰਬ ਹੈ ਬਲਕਿ ਪੰਜਾਬੀ ਸਾਹਿਤ ਦਾ ਸਭ ਤੋਂ ਵੱਧ ਪ੍ਰਚਲਤ ਰੂਪ ਵੀ ਹੈ। ਇਸ ਸਾਹਿਤ ਰੂਪ ਦੇ ਆਧੁਨਿਕ ਪਰਿਪੇਖ ਸੰਬੰਧੀ ਵਿਚਾਰ ਵਟਾਂਦਰਾ ਕਰੀਏ ਤਾਂ ਜੋ ਕਹਾਣੀ ਸਿਰਜਣਾਤਮਕ ਪੱਖੋਂ ਸਭ ਤੋਂ ਪਹਿਲਾ ਸਾਡੇ ਸਾਹਮਣੇ ਆਉਂਦੀ ਹੈ ਉਹ ਚਿੰਨ੍ਹਾਤਮਕ/ਪ੍ਰਤੀਕਾਤਮਕ ਕਹਾਣੀ ਦੇ ਰੂਪ ਵਜੋਂ ਸਾਡੇ ਸਾਹਮਣੇ ਆਉਂਦੀ ਹੈ। ਕਲਾਤਮਕ ਪੱਖੋਂ ਇਸ ਸ਼ੈਲੀ ਅਧੀਨ ਜਿਨ੍ਹਾਂ ਕਹਾਣੀਕਾਰਾਂ ਨੇ ਕਹਾਣੀ ਦੇ ਇਸ ਰੂਪ ਦੀ ਸਿਰਜਣਾ ਕੀਤੀ, ਉਨ੍ਹਾਂ ਵਿਚ ਕੰਵਲ ਕਸ਼ਮੀਰੀ ਦੀ ਆਜ਼ਾਦੀ ਦਾ ਇਸ਼ਟ, ਮਹਾਨਾਸ਼, ਰਾਖਾ, ਸਰਨ ਸਿੰਘ ਦੀ ਰਾਖਵੇਂ ਪੱਤਰ, ਬਾਝੀ ਗਜ ਜ਼ਮੀਨ, ਖ਼ਾਲਿਦ ਹੁਸੈਨ ਦੀ ਮਾਏ ਨੀ ਮੈਂ ਕਿਹਨੂੰ ਆਖਾਂ, ਗੋਰੀ ਫ਼ਸਲ ਦੇ ਸੌਦਾਗਰ, ਬੋਹੜ ਦੀ ਲੰਕਾ, ਹਰਭਜਨ ਸਿੰਘ ਸਾਗਰ ਦੀ ਪੈਨਸ਼ਨ ਕੇਸ, ਬਾਦਸ਼ਾਹ ਕਿੱਥੇ ਹੈ, ਲਲ ਦੇਦ ਦੀਆਂ ਅਸਥੀਆਂ, ਪਤੰਗਬਾਜ਼, ਸੁਪਨੇ ਵਿਚ ਵਾਪਰੀ ਘਟਨਾ ਦਾ ਨਾਇਕ, ਸਹਿਮੇ ਪੌਲਾਂ ਦਾ ਤਮਾਸ਼ਬੀਨ, ਅੱਖੀਆਂ, ਡਾ. ਬਲਜੀਤ ਸਿੰਘ ਰੈਣਾ ਦੀ ਨੀਂਹ, ਫੇਰਾ, ਕੁਕਨੂਸ, ਕਰੇਗਲ ਅਤੇ ਫਰੇਕਲਾ, ਮੈਂ ਵੀ ਆਪਣਾ ਸੱਚ ਹੰਢਾਉਂਦਾ ਅਤੇ ਡਾ. ਗੁਰਚਰਨ ਸਿੰਘ ਗੁਲਸ਼ਨ ਦੀਆਂ ਬਿਆਨ ਹਲਫ਼ੀ ਅਤੇ ਵਿਕਾਸ ਆਦਿ ਕਹਾਣੀਆਂ ਪ੍ਰਮੁੱਖ ਹਨ। ਇਸ ਸੰਬੰਧ ਵਿਚ ਕੰਵਲ ਕਸ਼ਮੀਰੀ ਦੀ ਕਹਾਣੀ "ਰਾਖਾ" ਸੰਬੰਧੀ ਵਿਚਾਰ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਨੇ ਇਸ ਕਹਾਣੀ ਵਿਚ ਸੱਤਾ ਵਿਚ ਆਸੀਨ ਲੋਕਾਂ ਦੇ ਕਿਰਦਾਰ ਦਾ ਘਿਨਾਉਣਾ ਰੋਲ ਚਿੰਨ੍ਹਾਂ ਰਾਹੀਂ ਪੇਸ਼ ਕਰਕੇ ਦੱਸਿਆ ਹੈ ਕਿ ਕਿਵੇਂ ਇਹ ਲੋਕ ਹਰ ਪ੍ਰਕਾਰ ਦੇ ਚੰਗੇ ਮਾੜੇ, ਜਾਇਜ਼ ਨਜਾਇਜ਼ ਹੱਥਕੰਡੇ ਅਪਣਾ ਕੇ ਸੱਤਾ ਹਾਸਿਲ ਕਰ ਜਿੱਥੇ ਹਰ ਵਰਗ ਦੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ ਉੱਥੇ ਉਹ ਸਦਾਚਾਰ ਭਵਨ ਦੀਆਂ ਖਿੜਕੀਆਂ ਤੇ ਦਰਵਾਜ਼ੇ ਤੱਕ ਨੂੰ ਵੀ ਹੋਰਨਾ ਲਈ ਬੰਦ ਕਰ ਦਿੰਦੇ ਹਨ। ਤਾਂ ਕਿ ਹੋਰ ਕੋਈ ਆ ਕੇ ਉਨ੍ਹਾਂ ਦੀ ਸੱਤਾ ਤੇ ਕਾਬਜ਼ ਨਾ ਹੋ ਸਕੇ ਤੇ ਜਿਸ ਸਦਕਾ ਉਨ੍ਹਾਂ ਦਾ ਰਾਜ ਨਿਰੰਤਰ ਬਣਿਆ ਰਹੇ। ਇਸ ਸੰਬੰਧ ਵਿਚ ਹਰਭਜਨ ਸਿੰਘ ਸਾਗਰ ਦੀ ਕਹਾਣੀ "ਪੈਨਸ਼ਨ ਕੇਸ" ਵੀ ਵਿਸ਼ੇਸ਼ ਚਰਚਾ ਦੀ ਲਾਇਕ ਕਹਾਣੀ ਹੈ। ਕਹਾਣੀ ਵਿੱਚਲੇ ਮੁੱਖ ਪਾਤਰ ਨੂੰ ਇਕ ਲਕੀਰ ਦਾ ਪ੍ਰਤੀਕ ਦੱਸ ਕਹਾਣੀਕਾਰ ਸਪਸ਼ਟ ਦੱਸਦਾ ਹੈ ਕਿ ਕਿਵੇਂ ਉਹ ਇਕ ਸੂਝ-ਬੂਝ ਭਰੇ ਲੰਮੇ ਚੌੜੇ ਕੱਦ-ਕਾਠ ਦਾ ਮਾਲਕ ਹੈ, ਜੋ ਆਪਣੀ ਬਣਦੀ ਪੈਨਸ਼ਨ ਪਾਉਣ ਦੇ ਚੱਕਰ ਵਿਚ ਸੈਕਟਰੀਏਟ ਦੇ ਗਲਿਆਰਿਆਂ ਵਿਚ ਚੱਕਰ ਕੱਟਦਾ ਹੋਇਆ ਬਿਊਰੋਕਰੇਸੀ ਦੇ ਘਣੇ ਤੇ ਮਨੌਤੀ ਜੰਗਲ ਵਿਚ ਗੁਆਚ ਕੇ ਆਪਣੀ ਹੋਂਦ ਤੋਂ ਵੀ ਹੱਥ ਧੋ ਬਹਿੰਦਾ ਹੈ। ਜਿਵੇਂ ਉਹ ਆਪਣੇ ਆਪ ਨੂੰ ਜੀਊਂਦਾ ਸਮਝਦਾ